ਨਮੂਨੇ ਦਾ ਪ੍ਰਸ਼ਨ - ਪੱਤਰ

ਜਮਾਤ- ਬਾਰ੍ਹਵੀਂ

ਪੰਜਾਬੀ ਚੋਣਵੀਂ

ਲਿਖਤੀ ਅੰਕ=80
ਆਂਤਰਿਕ ਮੁਲਾਂਕਣ=20
ਕੁੱਲ ਅੰਕ=100

ਵਿੱਦਿਅਕ ਵਰ੍ਹਾ-2020-21

ਪ੍ਰਸ਼ਨ-1 05 ਅੰਕ ਸੁੰਦਰ ਲਿਖਾਈ ਲਈ ਰਾਖਵੇਂ ਹਨ।

ਪ੍ਰਸ਼ਨ-2 ਵਸਤੂਨਿਸ਼ਠ ਪ੍ਰਸ਼ਨ

ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ 2 ਅੰਕ ਹਨ।

(ੳ) ਇਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ :

i.) ਸ਼ੇਖ਼ ਫ਼ਰੀਦ ਜੀ ਅਨੁਸਾਰ ਸਰੀਰ ਨੂੰ ਨਿਰੋਗ ਰੱਖਣ ਲਈ ਕਿਹੜਾ ਗੁਣ ਧਾਰਨ ਕਰਨਾ ਚਾਹੀਦਾ ਹੈ ? 2

ii.) ਗੁਰੂ ਨਾਨਕ ਦੇਵ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਦੱਸੋ। 2

iii.) ਹਾਸ਼ਮ ਸ਼ਾਹ ਦੇ ਪੁੱਤਰ ਦਾ ਕੀ ਨਾਂ ਸੀ ? 2

iv.) ਦਾਰਾ ਸਿੰਘ ਨੇ ਸਭ ਤੋਂ ਪਹਿਲਾਂ ਕਿਹੜੀ ਫ਼ਿਲਮ ਵਿੱਚ ਕੁਸ਼ਤੀ ਲੜੀ ਸੀ ? 2

v.) ਕਿਸੇ ਦੋ ਰਸਾਂ ਦੇ ਨਾਂ ਲਿਖੋ । 2

2

5X2=10

ਅ) ਬਹੁਚੋਣਵੇਂ ਪ੍ਰਸ਼ਨ :

i.) ਪੰਜਾਬੀ ਕਿੱਸਾ-ਕਾਵਿ ਅਨੁਸਾਰ ਜੰਡ ਹੇਠ ਸੌਂ ਰਹੇ ਕਿਸ ਪ੍ਰੀਤ-ਨਾਇਕ ਨੂੰ ਮਾਰਿਆ ਗਿਆ ਸੀ ? 2

(ੳ) ਰਾਂਝਾ (ਅ) ਮਿਰਜ਼ਾ (ੲ) ਪੁੰਨੂੰ (ਸ) ਮਜਨੂੰ

ii.) ਹੇਠ ਲਿਖਿਆਂ ਵਿੱਚੋਂ ਬੀਰ ਕਾਵਿ-ਧਾਰਾ ਦਾ ਕਵੀ ਕਿਹੜਾ ਹੈ ? 2

(ੳ) ਬੁੱਲ੍ਹੇ ਸ਼ਾਹ (ਅ) ਦਮੋਦਰ (ੲ) ਗੁਰੂ ਗੋਬਿੰਦ ਸਿੰਘ ਜੀ (ਸ) ਕਾਦਰਯਾਰ

iii.) ਲੇਖਕ ਗੁਰਬਖ਼ਸ਼ ਸਿੰਘ 'ਪ੍ਰੀਤਲੜੀ ' ਨੇ ਐੱਮ.ਐੱਨ.ਰਾਏ ਨੂੰ ਮਿਲਨ ਲਈ ਵਿਸ਼ੇਸ਼ ਯਤਨ ਕੀਤਾ ਕਿਉਂਕਿ- 2

ੳ) ਰਾਏ ਦੀ ਪਤਨੀ ਨੇ ਕਿਹਾ ਸੀ (ਅ) ਉਹ ਲੇਖਕ ਦਾ ਦੋਸਤ ਸੀ

(ੲ) ਰਾਏ ਦੇ ਬੱਚਿਆਂ ਨੇ ਕਿਹਾ ਸੀ (ਸ) ਲੇਖਕ ਨੇ ਉਸ ਤੋਂ ਕਿਤਾਬ ਲੈਣੀ ਸੀ

iv.) ਖ਼ਰਚਣ ਲਈ ਮਿਲੇ ਚਾਰ ਆਨਿਆਂ ਦਾ ਲੇਖਕਾ ਪ੍ਰਭਜੋਤ ਕੌਰ ਨੇ ਕੀ ਖ਼ਰੀਦਿਆ- 2

(ੳ) ਦੋ (ਅ) ਚਾਰ (ੲ) ਛੇ (ਸ) ਅੱਠ

v.) ਚੌਪਈ ਛੰਦ ਦੀਆਂ ਕਿੰਨੀਆਂ ਤੁਕਾਂ ਹੁੰਦੀਆਂ ਹਨ? 2

5X2=10

(ੳ) ਚੂੜੀਆਂ (ਅ) ਕਿਤਾਬਾਂ (ੲ) ਰੰਗ-ਬਰੰਗੇ ਭੁਕਾਨੇ (ਸ) ਕੁਲਫ਼ੀ

(ੲ) ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ ਤੇ ਕਿਹੜਾ ਗ਼ਲਤ :

i.) ਸ਼ਾਹ ਹੁਸੈਨ ਅਨੁਸਾਰ ਫ਼ਕੀਰੀ ਦਾ ਰਾਹ ਮੁਸ਼ਕਲ ਹੈ। 2

ii.) ਧੁਰ ਦਰਗਾਹ ਤੋਂ ਲਿਖੇ ਹੁਕਮ ਨੂੰ ਹਰ ਕੋਈ ਮਿਟਾ ਸਕਦਾ ਹੈ। 2

iii.) ਪਸਰੂਰ ਸ਼ਹਿਰ ਵਿੱਚ ਬਹੁਤੀ ਵਸੋਂ ਕੱਕੇਜ਼ਈ ਮੁਸਲਮਾਨਾਂ ਦੀ ਸੀ। 2

iv.) ਅੰਮ੍ਰਿਤਾ ਪ੍ਰੀਤਮ ਦਾ ਵਿਆਹ 1936 ਈ. ਵਿੱਚ ਹੋਇਆ ਸੀ। 2

v.) ਇਕਾਂਗੀ ਵਿੱਚ ਪਾਤਰਾਂ ਦੀ ਗਿਣਤੀ ਸੀਮਿਤ ਹੁੰਦੀ ਹੈ। 2

5X2=10

(ਸ) ਖ਼ਾਲੀ ਥਾਂਵਾਂ ਭਰੋ :

i.) ਰਾਂਝਾ..........ਦੇ ਉਦੇਸ਼ ਨਾਲ ਜੋਗ ਧਾਰਨ ਕਰਦਾ ਹੈ। 2

ii.) ਅਸੀਂ ਜੋੜਾ ਹੀ ਵੇਚਦੇ ਹਾਂ । ਇਕੱਲਾ ਤੋਤਾ ..... ਹੋ ਕੇ ਛੇਤੀ ਮਰ ਜਾਂਦਾ ਹੈ। 2

iii.) ਕਹਾਣੀ ਦੀ ਸਭ ਤੋਂ ਲੋਕ-ਪ੍ਰਿਆ ਸ਼ੈਲੀ ............ਸ਼ੈਲੀ ਹੈ। 2

iv.) ਅਲੰਕਾਰ ਕਵਿਤਾ ਦੇ .........ਹਨ। 2

v.) ............ਨੂੰ ਰਸਾਂ ਦਾ ਰਾਜਾ ਕਿਹਾ ਜਾਂਦਾ ਹੈ। 2

5X2=10